# ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ

**www.chandigarh.gov.in**

## ਪ੍ਰੈਸ ਨੋਟ

ਚੰਡੀਗੜ੍ਹ, ਮਾਰਚ 5:- ਚਾਰੇ ਪਾਸੇ ਰੰਗ ਵਿਖੇਰਦੇ ਸੋਹਣੇ ਫੁੱਲਾਂ, ਸ਼ਾਨਦਾਰ ਬੈਂਡ ਪ੍ਰਦਰਸ਼ਨ ਅਤੇ ਰੰਗੀਨ ਗੁਬਾਰਿਆਂ ਨੂੰ ਉਡਾਉਣ ਦੇ ਵਿੱਚ ਯੂਟੀ ਪ੍ਰਸ਼ਾਸਕ ਦੇ ਸਲਾਹਕਾਰ ਸ਼੍ਰੀ ਪ੍ਰਦੀਪ ਮਹਿਰਾ ਨੇ ਅੱਜ ਪੰਜਾਬ ਯੂਨੀਵਰਸਿਟੀ ਕੈਂਪਸ ਵਿਚ ਆਯੋਜਤ ਦੂਸਰੇ ਰੋਜ ਫੈਸਟੀਵੈੱਲ ਦਾ ਉਦਘਾਟਨ ਕੀਤਾ।

ਸ਼੍ਰੀ ਮਹਿਰਾ ਨੇ ਰੋਜ਼ ਗਾਰਡਨ ਸਥਾਪਿਤ ਕਰਨ ਲਈ ਯੂਨੀਵਰਸਿਟੀ ਦੇ ਬਾਗਵਾਨੀ ਵਿਭਾਗ ਦੇ ਕਰਮਚਾਰੀਆਂ ਦੁਆਰਾ ਕੀਤੇ ਗਏ ਯਤਨਾਂ ਦੀ ਪ੍ਰਸ਼ੰਸਾ ਕੀਤੀ। ਉਹਨਾਂ ਨੇ ਕਿਹਾ ਕਿ ਪੀਯੂ ਕੈਂਪਸ ਵਿਚ ਅਨੇਕਾਂ ਪੁਰਾਣੀਆਂ ਹੈਰੀਟੇਜ਼ ਇਮਾਰਤਾਂ ਹਨ ਜਿਹਨਾਂ ਦੀ ਸੁਰੱਖਿਆ ਅਤੇ ਬਚਾਵ ਦੀ ਜਰੂਰਤ ਹੈ। ਉਹਨਾਂ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ ਹਾਲ ਹੀ ਵਿਚ ਇੱਕ ਪੱਤਰ ਭੇਜਿਆ ਹੈ ਜਿਸ ਵਿੱਚ ਯੂਟੀ ਪ੍ਰਸ਼ਾਸਨ ਨੂੰ ਹੈਰੀਟੇਜ਼ ਇਮਾਰਤਾਂ ਦੀ ਪਹਿਚਾਣ ਕਰਨ ਅਤੇ ਉਹਨਾਂ ਦੀ ਸੁਰੱਖਿਆ ਕਰਨ ਲਈ ਕਿਹਾ ਗਿਆ ਹੈ। ਇਸ ਦੇ ਲਈ ਛੇਤੀ ਹੀ ਸੰਮਤੀ ਗਠਿਤ ਕੀਤੀ ਜਾਵੇਗੀ। ਸਲਾਹਕਾਰ ਨੇ ਕਿਹਾ ਕਿ ਕੁਝ ਹੋਰ ਪੁਰਾਣੀਆਂ ਇਮਾਰਤਾਂ ਦਾ ਨਾਮ ਹੈਰੀਟੇਜ਼ ਇਮਾਰਤਾਂ ਦੀ ਸੂਚੀ ਵਿਚ ਸ਼ਾਮਿਲ ਕਰਨ ਦੇ ਲਈ ਸੰਮਤੀ ਨੂੰ ਬੇਨਤੀ ਕੀਤੀ ਜਾਵੇਗੀ।

ਸ਼੍ਰੀ ਮਹਿਰਾ ਨੇ ਦੱਸਿਆ ਕਿ ਚੰਡੀਗੜ੍ਹ ਪ੍ਰਸ਼ਾਸਨ ਦੁਆਰਾ ਜਾਕਿਰ ਹੁਸੈਨ ਰੋਜ਼ ਗਾਰਡਨ ਵਿਚ ਗੁਲਾਬ ਦੀਆਂ ਲੱਗਭੱਗ 1000 ਨਵੀਆਂ ਕਿਸਮਾਂ ਲਗਾਈਆਂ

ਜਾਣਗੀਆਂ। ਉਹਨਾਂ ਨੇ ਯੂਨੀਵਰਸਿਟੀ ਨੂੰ ਪ੍ਰਸ਼ਾਸਨ ਵਲੋਂ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਦਾ ਵਿਸ਼ਵਾਸ਼ ਦਿੱਤਾ।

ਤਿੰਨ ਦਿਨਾਂ ਫੈਸਟੀਵੈੱਲ ਦੇ ਦੌਰਾਨ ਫੈਸ਼ਨ ਸ਼ੋ, ਡਾਂਸ ਅਤੇ ਗਾਇਨ ਪ੍ਰਤੀਯੋਗਤਾ, ਕੋਲਾਜ਼ ਮੇਕਿੰਗ, ਫੇਸ ਪੇਟਿੰਗ, ਰਚਨਾਤਮਕ ਪੇਟਿੰਗ, ਰੋਜ਼ ਪ੍ਰਿੰਸ ਐਂਡ ਪ੍ਰਿੰਸੇਸ ਪ੍ਰਤੀਯੋਗਤਾ, ਫੈਂਸੀ ਡ੍ਰੈਸ, ਫੋਟੋਗ੍ਰਾਫੀ, ਮੋਨੋ ਐਕਟਿੰਗ ਅਤੇ ਕਵਿੱਜ਼ ਪ੍ਰਤੀਯੋਗਤਾ ਵਰਗੇ ਭਿੰਨ ਭਿੰਨ ਪ੍ਰੋਗਰਾਮਾਂ ਦਾ ਆਯੋਜ਼ਨ ਕੀਤਾ ਜਾਵੇਗਾ।

ਉਦਘਾਟਨ ਦੇ ਸਮਾਰੋਹ ਦੌਰਾਨ ਯੂਟੀ ਆਈਜੀਪੀ ਸ਼੍ਰੀ ਪੀ.ਕੇ. ਸ਼੍ਰੀਵਾਸਤਵ, ਪੀਯੂ ਦੇ ਵਾਈਸ ਚਾਂਸਲਰ ਪ੍ਰੋਫੈਸਰ ਆਰ.ਸੀ. ਸੋਬਤੀ, ਫੈਕਲਟੀ ਮੈਂਬਰ ਅਤੇ ਵਿਦਿਆਰਥੀ ਸ਼ਾਮਿਲ ਸਨ।